# ਐਬਟਸਫੋਰਡ ਸ਼ਹਿਰ ਵਿੱਚ ਜਨਵਰੀ 2020 ਵਿੱਚ ਕੀ ਨਵਾਂ ਹੈ?

ABBOTSFORD

## ਐਬਟਸਫੋਰਡ ਸ਼ਹਿਰ ਜੀ, ਤੁਹਾਨੂੰ ਤੁਹਾਡੇ ਜਨਮ ਦਿਨ ਦੀ ਲੱਖ ਲੱਖ ਵਧਾਈ ਹੋਵੇ !

ਐਬਟਸਫੋਰਡ ਇਸ ਸਾਲ ਆਪਣਾ 25 ਵਾਂ ਜਨਮ ਦਿਨ ਮਨਾ ਰਿਹਾ ਹੈ। ਆਓ ਇਸ ਦੇ ਜਸ਼ਨਾਂ ਵਿੱਚ ਸ਼ਰੀਕ ਹੋਈਏ। ਹੋਰ ਜਾਣਕਾਰੀ ਵਾਸਤੇ **abbotsford.ca/25years** ਤੇ ਜਾਵੋ।

ABBOTSFORD CELEBRATING 25 YEARS OF COMMUNITY

## ਯੂਟਿਲਟੀ ਦਰਾਂ ਵਿੱਚ ਵਾਧਾ

ਇੱਕ ਜਨਵਰੀ ਤੋਂ ਸ਼ੁਰੂ: ਰਹਾਇਸ਼ੀ, ਵਪਾਰਕ, ਅਤੇ ਹੋਰ ਸੰਸਥਾਵਾਂ ਤੇ ਪਾਣੀ ਅਤੇ ਸੀਵਰ ਰੇਟ ਵਧ ਗਏ ਹਨ। ਇਹ ਵਾਧੇ ਅਤੇ ਤਬਦੀਲੀਆਂ ਤੁਹਾਨੂੰ ਜਨਵਰੀ ਵਿੱਚ ਆਏ ਬਿੱਲ ਦੱਸਣਗੇ। ਹੋਰ ਜਾਣਕਾਰੀ ਵਾਸਤੇ **abbotsford.ca/wsrates** ਤੇ ਜਾਵੋ।

## ਸਨੋ ਅਤੇ ਆਈਸ ਕੰਟਰੋਲ ਪ੍ਰੋਗਰਾਮ

ਐਬਟਸਫੋਰਡ ਸਿਟੀ ਤਕਰੀਬਨ 910 ਕਿਲੋਮੀਟਰ ਲੰਮੀਆਂ ਸੜਕਾਂ ਨੂੰ ਸਹੀ ਸਲਾਮਤ ਰੱਖਣ ਦੇ ਪ੍ਰਬੰਧ ਕਰ ਰਿਹਾ ਹੈ। ਅਸੀਂ ਸਨੋ ਦੀ ਸਾਫ ਸਫਾਈ ਕਿਵੇਂ ਕਰਦੇ ਹਾਂ ਅਤੇ ਕਿਹੜੇ ਰੂਟਾਂ ਨੂੰ ਤਰਜੀਹਾ ਦਿੰਦੇ ਹਾਂ, ਇਸ ਸਭ ਕੁਝ ਦੀ ਜਾਣਕਾਰੀ **abbotsford.ca/snowandice** ਤੇ ਲਵੋ।



## PRC ਨਾਲ਼ ਵਿੰਟਰ ਪਰੋਗਰਾਮ

ਅਸੀਂ ਇਸ ਵਿੰਟਰ ਵਿੱਚ ਹਰ ਉਮਰ ਦੇ ਸ਼ਹਿਰੀਆਂ ਲਈ ਮਿਊਜ਼ਿਕ ਅਤੇ ਸਪੋਰਟਸ ਦੇ ਬੜੇ ਹੀ ਪ੍ਰੋਗਰਾਮ ਉਲੀਕ ਦਿੱਤੇ ਹਨ, ਅੱਜ ਹੀ ਔਨਲਾਈਨ ਰਜਿਸਟਰ ਹੋਣ ਵਾਸਤੇ **www.direct2rec.ca** ਤੇ ਜਾਵੋ।

## ਵਲੰਟੀਅਰਿੰਗ ਲਈ ਮੌਕੇ

ਐਬਟਸਫੋਰਡ ਸਿਟੀ ਕੋਲ਼ ਵਲੰਟੀਅਰਿੰਗ ਲਈ ਬੜੇ ਹੀ ਮੌਕੇ ਹਨ ਅਤੇ ਸਾਨੂੰ ਤੁਹਾਡੀ ਬਹੁਤ ਲੋੜ ਵੀ ਹੈ, ਜੇ ਤੁਸੀਂ ਵਲੰਟੀਅਰ ਕਰਨ ਦੀ ਰੁਚੀ ਰੱਖਦੇ ਹੋ ਤਾਂ **abbotsford.ca/volunteer** ਤੇ ਜਾਵੋ ਅਤੇ ਅੱਜ ਹੀ ਅਰਜ਼ੀ ਡਾਊਨਲੋਡ ਕਰੋ।

## ਵਿੰਟਰ ਵੈਦਰ ਕਰਬਸਾਈਡ ਕੋਲੈਕਸ਼ਨ

ਵਿੰਟਰ ਦੇ ਮੌਸਮ ਵਿੱਚ ਕਰਬਸਾਈਡ ਗਾਰਬੇਜ ਅਤੇ ਰੀਸਾਈਕਲ ਚੁੱਕਣ ਲਈ ਅਸੀਂ ਹਰ ਵੇਲੇ ਕੋਸ਼ਿਸ਼ ਕਰਦੇ ਹਾਂ ਪਰ ਜੇ ਕਦੀ ਅਸੀਂ ਨਾ ਚੁੱਕ ਸਕੀਏ ਤਾਂ ਤੁਸੀਂ ਉਸਨੂੰ ਅਗਲੇ ਹਫਤੇ ਚੁੱਕਣ ਲਈ ਸੰਭਾਲ ਲਵੋ। ਸੇਵਾਵਾਂ ਦੇਣੀਆਂ ਸਾਡੀ ਸਭ ਤੋਂ ਵੱਧ ਪਹਿਲ ਹੈ ਪਰ ਸੇਫਟੀ ਨੂੰ ਧਿਆਨ ਵਿੱਚ ਰੱਖਦਿਆਂ ਕਦੀ ਮਿੱਸ ਵੀ ਹੋ ਸਕਦਾ ਹੈ। ਹੋਰ ਜਾਣਕਾਰੀ ਵਾਸਤੇ **abbotsford.ca** ਜਾਂ ਕਰਬਸਾਈਡ ਕੋਲੈਕਸ਼ਨ ਐਪ ਤੇ ਜਾਵੋ।



## PRC ਨਾਲ਼ ਤੁਸੀਂ ਆਪਣੇ ਢੰਗ ਨਾਲ ਖੇਡੋ

ਪਾਰਕਸ ਮਨੋਰੰਜਨ ਅਤੇ ਕਲਚਰ ਮੈਂਬਰਸ਼ਿੱਪ ਤੁਸੀਂ 1 ਜਨਵਰੀ ਤੋਂ 29 ਫਰਵਰੀ ਦੇ ਵਿੱਚ ਵਿੱਚ ਖਰੀਦੋ, ਤੁਸੀਂ 1 ਤੋਂ 20 ਐਕਸ਼ਨ ਪੈਕਸ ਜਿੱਤਣ ਦੇ ਯੋਗ ਹੋ ਜਾਵੋਗੇ ਅਤੇ ਅੱਧਾ ਘੰਟਾ ਤੁਸੀਂ ਆਪਣੀ ਮਰਜ਼ੀ ਦੀ ਟਰੇਨਿੰਗ ਸੈਸ਼ਨ ਐਕਸਪਰਟ ਦਾ ਲਾਭ ਉਠਾਵੋ। ਹੋਰ ਜਾਣਕਾਰੀ ਵਾਸਤੇ **abbotsford.ca/prc** ਤੇ ਜਾਵੋ।



## ਕਾਲ ਫਾਰ ਕੌਂਸਿਲ ਕਮੇਟੀ ਮੈਂਬਰਸ

ਸਿਟੀ ਵੱਖ ਵੱਖ ਕੌਂਸਿਲ ਕਮੇਟੀਆਂ ਵਾਸਤੇ ਵਲੰਟੀਅਰ ਸੇਵਾਵਾਂ ਦੇਣ ਵਾਲਿਆਂ ਸੇਵਾਦਾਰਾਂ ਦੀ ਭਾਲ਼ ਵਿੱਚ ਹੈ। ਜੇ ਤੁਸੀਂ ਰੁਚੀ ਰੱਖਦੇ ਹੋ ਤਾਂ ਅਰਜ਼ੀ ਭਰੋ। ਅਰਜ਼ੀ ਭੇਜ ਸਕਣ ਦੀ ਆਖਰੀ ਮਿਤੀ ਜਨਵਰੀ 31 ਹੈ। ਹੋਰ ਜਾਣਕਾਰੀ ਵਾਸਤੇ **abbotsford.ca/committee** ਤੇ ਉਪਲਭਦ ਹੈ।

## ਸਿਟੀ ਕੌਂਸਿਲ ਬਰਾਡਕਾਸਟ

ਸਿਟੀ ਕੌਂਸਿਲ ਮੀਟਿੰਗਾਂ ਦੇ ਆਜੰਡੇ ਉਪਲਭਦ ਹਨ **ਅਬਬੋਟਸੋਰਦ।ਚਅ/ਚੋੁਨਚਲਿਅਗੲਨਦਅਸ** ਤੇ ਜਾਵੋ।



## ਕਾਉਂਸਿਲ ਮੀਟਿੰਗਾਂ ਦੀ ਸਮਾਸਾਰਨੀ

**ਜਨਵਰੀ 27**
ਬਾਅਦ ਦੋਪੈਹਰ 1:00 ਵਜੇ ਕਮੇਟੀ ਆਫ ਦੀ ਹੋਲ
(ਕਮਰਾ ਨੰ: 530)

**ਫਰਵਰੀ 3**
ਸ਼ਾਮ 3:00 ਵਜੇ ਐਗਜ਼ੈਕਟਿਵ ਕਮੇਟੀ
ਸ਼ਾਮ 7:00 ਪਬਲਿਕ ਹੀਅਰਿੰਗ/ ਰੈਗੂਲਰ ਕਾਊਂਸਿਲ

**ਫਰਵਰੀ 10**
ਬਆਦ ਦੋਪੈਹਰ 1:00 ਵਜੇ ਕਮੇਟੀ ਆਫ ਦੀ ਹੋਲ
(ਕਮਰਾ ਨੰ: 530)

**ਫਰਵਰੀ 17**
ਕੋਈ ਮੀਟਿੰਗ ਨਹੀਂ

**ਫਰਵਰੀ 24**
ਸ਼ਾਮ 3:00 ਵਜੇ ਐਗਜ਼ੈਕਟਿਵ ਕਮੇਟੀ
ਸ਼ਾਮ 7:00 ਪਬਲਿਕ ਹੀਅਰਿੰਗ/ ਰੈਗੂਲਰ ਕਾਊਂਸਿਲ

ABBOTSFORD 2020
CELEBRATING 25 YEARS OF COMMUNITY